ਦਫ਼ਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫ਼ਸਰ

090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ

OFFICE OF THE SUB DIVISIONAL MAGISTRATE-Cum-ELECTORAL REGISTRATION OFFICE

90-RAMPURA PHUL A.C.

Phone No.01651-248225 Fax No. 01651-248025 E-mail: ero90rampuraphul@gmail.com

ਜ਼ਿੰਮੇਵਾਰ ਬਣੋ, ਵੋਟਰ ਬਣੋ ਜ਼ਿੰਮੇਵਾਰ ਬਣੋ, ਵੋਟਰ ਬਣੋ

ਵੱਲ

1. ਜ਼ਿਲ੍ਹਾ ਸਿੱਖਿਆ ਅਫ਼ਸਰ, ਬਠਿੰਡਾ (ਸੈਕ ਅਤੇ ਐਲੀ) ,
2. ਕਾਰਜਕਾਰੀ ਇੰਜੀਨੀਅਰ, ਕਨਾਲ ਲਾਇਨਿੰਗ ਡਵੀਜਨ, ਰਾਮਪੁਰਾ;
3. ਕਾਰਜਕਾਰੀ ਇੰਜੀਨੀਅਰ , ਵਿ.ਨਿ.ਲੋ ,02 ,ਉਸਾਰੀ ਮੰਡਲ ਨੰ ,ਬ ਤੇ ਮ ਸ਼ਾਖਾ, ਬਠਿੰਡਾ;
4. ਕਾਰਜਕਾਰੀ ਇੰਜੀਨੀਅਰ , ਵਿ.ਨਿ.ਲੋ ,02 ,ਨੈਸ਼ਨਲ ਹਾਈਵੇ ਮੰਡਲ ਨੰ ,ਬ ਤੇ ਮ ਸ਼ਾਖਾ, ਬਠਿੰਡਾ,
5. ਸੀਨੀਅਰ ਮੈਡੀਕਲ ਅਫਸਰ, ਭਗਤਾ/ਰਾਮਪੁਰਾ/ਨਥਾਣਾ;
6. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਭਗਤਾ/ਫੂਲ;
7. ਕਾਰਜਕਾਰੀ ਇੰਜੀਨੀਅਰ, ਪੀ.ਐੱਸ.ਪੀ.ਸੀ.ਐੱਲ, ਰਾਮਪੁਰਾ ਫੂਲ/ ਭਗਤਾ;
8. ਖੇਤੀਬਾੜੀ ਅਫਸਰ , ਫੂਲ;
9. ਖੁਰਾਕ ਅਤੇ ਸਪਲਾਈ ਅਫਸਰ ਭਗਤਾ/ਰਾਮਪੁਰਾ ਫੂਲ/ਬਠਿੰਡਾ
10. ਬਾਲ ਵਿਕਾਸ ਪ੍ਰੋਜੈਕਟ ਅਫਸਰ , ਫੂਲ/ਭਗਤਾ
11. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਰਾਮਪੁਰਾ ਫੂਲ
12. ਕਾਰਜ ਸਾਧਕ ਅਫਸਰ, ਪੰਚਾਇਤ ਅਫਸਰ, ਮਲੂਕਾ/ਕੋਠਾ ਗੁਰੂ/ ਮਹਿਰਾਜ/ ਭਗਤਾ/ ਭਾਈਰੂਪਾ
13. ਮੈਨੇਜਰ, ਮਾਰਕਫੈਡ ,ਰਾਮਪੁਰਾ ਫੂਲ।
14. ਡੀਨ, ਕਾਲਜ ਆਫ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਰਾਮਪੁਰਾ
15. ਪ੍ਰਿੰਸੀਪਲ, ਟੀ.ਪੀ.ਡੀ. ਮਾਲਵਾ ਕਾਲਜ, ਫੂਲ, ਮਹਿਰਾਜ
16. ਕਾਰਜਕਾਰੀ ਇੰਜੀਨੀਅਰ, ਬਠਿੰਡਾ ਨਹਿਰ ਮੰਡਲ, ਬਠਿੰਡਾ ( ਜਲ ਸਰੋਤ ਵਿਭਾਗ )

ਪੱਤਰ ਨੰ: 182-77 /ਚੋਣ ਸ਼ਾਖਾ ਮਿਤੀ- 19.01.2026

ਵਿਸ਼ਾ:- Special Intensive Revison (S.I.R) w.r.t. 01.01.2026 & Verification of the Blurred, non-dimensional and non-human photos of electorals from the electoral rolla and removel of illogical erros/Gibberish enteries-regarding.

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਚੋਣ ਅਫਸਰ ਪੰਜਾਬ ਜੀ ਵੱਲੋਂ ਜਾਰੀ ਕੀਤੀਆ ਗਈਆਂ ਹਦਾਇਤਾਂ ਅਨੁਸਾਰ ਸਾਲ 2025 ਦੀ ਵੋਟਰ ਸੂਚੀਆਂ ਵਿੱਚ ਪਾਏ ਗਏ ਵੋਟਰਾਂ ਦਾ ਮਿਲਾਨ ਸਾਲ 2003 ਦੀਆਂ ਵੋਟਰ ਸੂਚੀਆਂ ਵਿੱਚ ਪਾਏ ਗਏ ਵੋਟਰਾਂ ਨਾਲ ਮਿਲਾਣ ਕਰਨਾ ਅਤੇ ਵੋਟਰ ਸੂਚੀ ਵਿੱਚ ਪਾਈਆਂ ਗੁਈਆਂ ਬਲੈਕ ਐਂਡ ਵਾਈਟ ਫੋਟੋਆਂ ਨੂੰ ਤਬਦੀਲ ਕੀਤਾ ਜਾਣਾ ਹੈ। ਜਿਸ ਸਬੰਧੀ ਮਾਨਯੋਗ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵਲੋਂ ਮਿਤੀ 15.01.2026 ਨੂੰ ਕੀਤੀ ਗਈ ਮੀਟਿੰਗ ਵਿੱਚ ਨਿਮਨਹਸਤਾਖਰ ਦੇ ਹਲਕੇ ਦੀ ਪ੍ਰਗਤੀ ਬਹੁਤ ਘੱਟ ਹੋਣ ਕਰਕੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਕਤ ਕੰਮ ਵਿਚ ਤੇਜੀ ਲਿਆਂਦੀ ਜਾਵੇ। ਇਸ ਲਈ ਉਕਤ ਅਨੁਸਾਰ ਬੀ.ਐਲ.ਓ ਦੁਆਰਾ ਕੀਤੇ ਜਾਣ ਵਾਲੇ ਸਮਾਂ ਬੱਧ ਕੰਮ ਨੂੰ ਮੁੱਖ ਰੱਖਦਿਆਂ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਦਫ਼ਤਰੀ ਸਟਾਫ/ਸਕੂਲ ਦੇ ਨਾਨ ਟੀਚਿੰਗ/ਟੀਚਿੰਗ ਸਟਾਫ਼ ਜਿਨ੍ਹਾਂ ਦੀ ਡਿਊਟੀ 090 ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਉਨ੍ਹਾਂ ਨੂੰ ਅਗਲੇ ਹੁਕਮਾਂ ਤਕ ਹਫਤੇ ਵਿੱਚ ਮੰਗਲਵਾਰ ਅਤੇ ਬੁਧਵਾਰ (ਦੋ ਦਿਨ) ਚੋਣ ਡਿਊਟੀ ਲਈ ਦਫ਼ਤਰੀ/ਸਕੂਲ ਦੀ ਡਿਊਟੀ ਤੋਂ ਫਾਰਗ ਕੀਤਾ ਜਾਵੇ।

ਇਸ ਤੋਂ ਇਲਾਵਾ ਸਿੱਖਿਆ ਵਿਭਾਗ ਨਾਲ ਸਬੰਧਤ ਜੇਕਰ ਕਿਸੇ ਸਕੂਲ ਵਿਚ ਦੋ ਅਧਿਆਪਕ ਦੀ ਡਿਊਟੀ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਤਾਂ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇਕ ਹੀ ਅਧਿਆਪਕ ਹੈ ਅਤੇ ਉਹ ਵੀ ਬੀ.ਐਲ.ਓ ਲੱਗਿਆ ਹੋਈ ਹੈ ਤਾਂ ਜਿਲ੍ਹਾਂ ਸਿੱਖਿਆ ਅਫਸਰ (ਸੈਕੰ.ਐਲੀ.) ਬਠਿੰਡਾ ਨੂੰ ਲਿਖਿਆ ਜਾਂਦਾ ਹੈ ਕਿ ਕਿ ਸਬੰਧਤ ਬੀ.ਪੀ.ਈ.ਓ. ਨੂੰ ਹਦਾਇਤ ਕੀਤੀ ਜਾਵੇ ਕਿ ਉਹ ਸਕੂਲ ਵਿਚ ਅਧਿਆਪਕ ਦਾ ਇੰਤਜਾਮ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਭਾਰਤ ਚੋਣ ਕਮਿਸ਼ਨ ਵਲੋਂ ਦਿੱਤੇ ਗਏ ਕੰਮ ਨੂੰ ਨਿਰਵਿਘਨ ਨੇਪਰੇ ਚਾੜ੍ਹਿਆ ਜਾ ਸਕੇ।

ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

ਪਿੱਠ ਅੰਕਣ ਨੰ. 178-200 /ਚੋਣ ਸ਼ਾਖਾ ਮਿਤੀ- 19.01.2026

ਇਸ ਦਾ ਇੱਕ ਉਤਾਰਾ:

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।

2. ਸਮੂਹ ਸੁਪਰਵਾਈਜ਼ਰ 090 ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਸੈਕਟਰ ਅਧੀਨ ਕੰਮ ਕਰਦੇ ਬੀ.ਐਲ.ਓ ਪਾਸੋਂ ਉਨ੍ਹਾਂ ਵੱਲੋਂ ਉਕਤ ਅਨੁਸਾਰ ਕੀਤੇ ਜਾਣ ਕੰਮ ਸਬੰਧੀ ਪ੍ਰਗਤੀ ਵਿੱਚ ਤੇਜੀ ਲਿਆਂਦੀ ਹੋਏ ਰੋਜਾਣਾ ਪ੍ਰਗਤੀ ਰਿਪੋਰਟ ਸ਼ਾਮ 4.00 ਵਜੇ ਭੇਜੀ ਜਾਵੇ।

3. ਸਮੂਹ ਬੀ.ਐਲ.ਓ 090 ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੰਮ ਵਿਚ ਤੇਜੀ ਲਿਆਂਦੀ ਜਾਵੇ ਅਤੇ ਇਸ ਸਬੰਧੀ ਰੋਜਾਣਾ ਪ੍ਰਗਤੀ ਰਿਪੋਰਟ ਆਪ ਦੇ ਸੈਕਟਰ ਅਫਸਰ ਨਾਲ ਸਾਂਝੀ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 6081 ਮਿਤੀ : 21.01.2026

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, (090 ਰਾਮਪੁਰਾ ) ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਅਨੁਸਾਰ ਦਿੱਤੇ ਗਏ ਪੱਤਰ ਅਨੁਸਾਰ ਸਬੰਧਤ ਬੀ.ਐਲ.ਓਜ਼ ਨੂੰ , ਸਿਰਫ ਮੰਗਲਵਾਰ ਅਤੇ ਬੁੱਧਵਾਰ (ਦੋ ਦਿਨ ) ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ ।

21/01/26

ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।